Tel: 604.596.7733
www.sd36.bc.ca

# ਕਾਇਓਟੀਜ਼

## Coyotes

### ਇਹ ਕੀ ਹਨ ?

ਇਹ ਜਾਨਵਰ ਇੱਕ ਕੁੱਤੇ ਵਰਗਾ, ਜੰਗਲਾਂ ਵਿੱਚ ਹੀ ਰਹਿੰਦਾ ਹੈ । ਇਹ ਆਮ ਤੌਰ ਉਪਰ ਗਲਫ ਖੇਲਣ ਵਾਲੀਆਂ ਗਰਾਓਡਾਂ ਅਤੇ ਜੰਗਲ ਦੇ ਨੇੜੇ ਦੀਆਂ ਪਾਰਕਾਂ ਵਿੱਚ ਦੇਖਣ ਵਿੱਚ ਆਓਂਦਾ ਹੈ । ਆਮ ਤੌਰ ਇਹ ਆਪਣੇ ਖਾਣ ਲਈ ਚੂਹੇ, ਕਾਟੋ, ਬਿੱਲੀਆਂ, ਰੈਕੂਨ, ਹੰਸ ਜਾਂ ਬਹੁਤ ਛੋਟੇ ਜੀਅ ਖਾ ਕੇ ਗੁਜ਼ਾਰਾ ਕਰਦੇ ਹਨ । ਇਹ ਇਨਸਾਨਾਂ ਉਪਰ ਕਦੇ ਵੀ ਧਾਵਾ ਨਹੀਂ ਬੋਲਦੇ ਪਰ ਫਿਰ ਵੀ ਮਾਪਿਆਂ ਨੂੰ ਛੋਟੇ ਬੱਚਿਆਂ ਦੀ ਸੁਰਖਿੱਆ ਲਈ ਧਿਆਨ ਦੇਣਾ ਜ਼ਰੂਰੀ ਹੈ ।

ਇਹਨਾਂ ਨੂੰ ਫੜਨਾ ਜਾਂ ਬਿਲਕੁਲ ਮੁਕਾ ਦੇਣਾ ਅਜੇ ਤੱਕ ਤਾਂ ਅਸਭੰਵ ਹੀ ਰਿਹਾ ਹੈ । ਅਗਰ ਇਹਨਾਂ ਨੂੰ ਜ਼ਹਿਰ ਪਾ ਦਿੱਤੀ ਜਾਵੇ ਤਾਂ ਉਸਦਾ ਅਸਰ ਹੋਰ ਜਾਨਵਰਾਂ ਉਪਰ ਵੀ ਗਲਤ ਪਵੇਗਾ । ਇਹਨਾਂ ਨੂੰ ਇੱਕ ਥਾਂ ਤੋਂ ਕੱਢ ਕਿ ਦੂਸਰੇ ਥਾਂ ਲਿਜਾਣਾ ਵੀ ਇਤਨਾ ਕਾਮਯਾਬ ਨਹੀਂ ਰਿਹਾ । ਸਾਰਿਆਂ ਸਾਧਨਾਂ ਨਾਲੋਂ ਦੇਖਣ ਵਿੱਚ ਇਹ ਆਇਆ ਹੈ ਕਿ ਇਹਨਾਂ ਦੇ ਨਾਲ ਰਹਿਣ ਵਿੱਚ ਹੀ ਸਭ ਦਾ ਫਾਇਦਾ ਹੈ ।



### ਇਹਨਾਂ ਨੂੰ ਖਾਣਾ ਕਦੇ ਵੀ ਨਾ ਪਾਓ

ਖਾਣਾ ਪਾਓਣ ਨਾਲ ਇਹ ਇਨਸਾਨਾਂ ਉਪਰ ਨਿਰਭਰ ਹੋ ਜਾਂਦੇ ਹਨ । ਇਸ ਨਾਲ ਇਨ੍ਹਾਂ ਦੀ ਜੱਕ ਇਨਸਾਨਾਂ ਅੱਗੇ ਖੁਲ੍ਹ ਜਾਏਗੀ ਅਤੇ ਹੋ ਸਕਦਾ ਹੈ ਕਿ ਇਹ ਕਿਸੇ ਨੂੰ ਦੰਦੀ ਵੱਡ ਦੇਵੇ। ਇਸ ਨਾਲ ਇਨ੍ਹਾਂ ਕੋਲੋਂ ਇਨਸਾਨ ਦਾ ਡਰ ਓਠ ਜਾਏਗਾ ।

### ਤੁਸੀਂ ਕੀ ਕਰ ਸਕਦੇ ਹੋ:

1. ਬੱਚਿਆਂ ਨੂੰ ਕਹੋ ਕਿ ਇਹਨਾਂ ਤੋਂ ਦੂਰ ਰਹਿਣ ਅਤੇ ਜੇ ਕਦੇ ਕਾਇਓਟੀਜ਼ ਦਿਸ ਪਵੇ ਤਾਂ ਤੁਰੰਤ ਦਸੱਣ ।

2. ਆਪਣੇ ਘਰੇਲੂ ਜਾਨਵਰਾਂ ਨੂੰ ਨਿਗਰਾਨੀ ਵਿੱਚ ਅਤੇ ਸੁਰਿੱਖਅਤ ਥਾਂ ਉਪਰ ਰੱਖੋ ।

3. ਕਦੇ ਵੀ ਇਹਨਾਂ ਨੂੰ ਖਾਣਾ ਨਾ ਪਾਓ ।

4. ਇਹ ਆਮ ਤੌਰ ਉਪਰ ਪਸੰਦ ਕਰਦੇ ਹਨ: ਖੁਲ੍ਹੀਆਂ ਕੂੜੇ ਕਰਕਟ ਵਾਲੀਆਂ ਬਾਲਟੀਆਂ, ਘਰ ਦੇ ਪਿਛੇ ਖੁੱਲਾ ਕਮੰਪੋਸਟ, ਦਰਖਤਾਂ ਤੋਂ ਡਿੱਗੇ ਹੋਏ ਫਲ, ਤੁਹਾਡੇ ਪੰਛੀ ਦਾ ਖੁਲ੍ਹਾ ਆਲ੍ਹਣਾ ਅਤੇ ਘਰੇਲੂ ਜਾਨਵਰਾਂ ਦਾ ਖਾਣਾ ।

5. ਘਰ ਦੇ ਆਲੇ ਦੁਆਲੇ ਬਾੜ ਕਰਨ ਨਾਲ ਵੀ ਇਹ ਜਾਨਵਰ ਦੂਰ ਹੀ ਰਹਿਣਗੇ ।